Fair Work
Commission

# Fair Work Commission

ਅਸੀਂ ਆਸਟ੍ਰੇਲੀਆ ਦੀ ਕੰਮ ਵਾਲੀ ਥਾਂ 'ਤੇ ਸੰਬੰਧਾਂ ਬਾਰੇ ਖੁਦਮੁਖਤਿਆਰ ਟ੍ਰਿਬਿਊਨਲ ਹਾਂ। ਅਸੀਂ ਕਰਮਚਾਰੀਆਂ ਅਤੇ ਰੁਜ਼ਗਾਰਦਾਤਾਵਾਂ ਨੂੰ ਕੰਮ 'ਤੇ ਸਮੱਸਿਆਵਾਂ ਹੱਲ ਕਰਨ ਵਿੱਚ ਸਹਾਇਤਾ ਕਰਦੇ ਹਾਂ।
ਇਸ ਵਿੱਚ ਸ਼ਾਮਲ ਹੈ:



ਅਨੁਚਿਤ ਬਰਖਾਸਤਗੀ



ਧੱਕੇਸ਼ਾਹੀ



ਜਿਨਸੀ ਛੇੜ-ਛਾੜ



ਭੇਦਭਾਵ



ਕੰਮ ਵਾਲੀ ਥਾਂ ਦੇ ਅਧਿਕਾਰਾਂ ਦੇ ਵਿਵਾਦ

## ਅਸੀਂ:

- ਇਹ ਵੀ ਤੈਅ ਕਰਦੇ ਹਾਂ ਕਿ ਘੱਟੋ-ਘੱਟ ਰਾਸ਼ਟਰੀ ਵੇਤਨ ਕੀ ਹੈ
- ਕੁੱਝ ਕਾਮਿਆਂ ਲਈ ਰੁਜ਼ਗਾਰ ਦੀਆਂ ਘੱਟੋ-ਘੱਟ ਸ਼ਰਤਾਂ ਵੀ ਤੈਅ ਕਰਦੇ ਹਾਂ
- ਐਂਟਰਪ੍ਰਾਈਜ਼ ਸਮਝੌਤਿਆਂ ਨੂੰ ਵੀ ਮਨਜ਼ੂਰੀ ਦਿੰਦੇ ਹਾਂ
- ਰਜਿਸਟਰਡ ਸੰਸਥਾਵਾਂ, ਜਿਵੇਂ ਕਿ ਯੂਨੀਅਨਾਂ ਅਤੇ ਰੁਜ਼ਗਾਰਦਾਤਾ ਸੰਸਥਾਵਾਂ ਨੂੰ ਵੀ ਨਿਯੰਤ੍ਰਿਤ ਕਰਦੇ ਹਾਂ।

ਸਾਡਾ ਕੰਮ ਕਰਮਚਾਰੀਆਂ ਅਤੇ ਰੁਜ਼ਗਾਰਦਾਤਾਵਾਂ ਲਈ ਸਰਲ, ਨਿਰਪੱਖ, ਅਤੇ ਲਚਕਦਾਰ ਕੰਮ ਵਾਲੀ ਥਾਂ ਦੇ ਸੰਬੰਧਾਂ ਦਾ ਸਮਰਥਨ ਕਰਨਾ ਹੈ।

ਵੇਤਨ, ਛੁੱਟੀ ਅਤੇ ਹੋਰ ਹੱਕਾਂ ਬਾਰੇ ਜਾਣਕਾਰੀ ਲਈ Fair Work Ombudsman ਦੀ ਵੈੱਬਸਾਈਟ www.fairwork.gov.au 'ਤੇ ਜਾਓ।

Fair Work Commission

# ਕੰਮ ਵਾਲੀ ਥਾਂ ਦੇ ਮੁੱਦਿਆਂ ਨੂੰ ਹੱਲ ਕਰਨਾ

ਜਦੋਂ ਤੁਸੀਂ ਸਾਨੂੰ ਕੰਮ ਵਾਲੀ ਥਾਂ ਦੇ ਕਿਸੇ ਮੁੱਦੇ ਨੂੰ ਹੱਲ ਕਰਨ ਲਈ ਕਹਿੰਦੇ ਹੋ, ਤਾਂ ਤੁਸੀਂ ਇੱਕ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰਦੇ ਹੋ।

ਤੁਹਾਨੂੰ ਉਸ ਮੁੱਦੇ ਦੀ ਵਿਆਖਿਆ ਕਰਨ ਲਈ ਇੱਕ ਫਾਰਮ ਭਰਨ ਦੀ ਲੋੜ ਹੋਵੇਗੀ। ਸਾਡੀ ਵੈੱਬਸਾਈਟ 'ਤੇ 'Apply or Lodge' 'ਤੇ ਜਾਓ। ਅਸੀਂ ਤੁਹਾਡਾ ਫਾਰਮ ਇਸ ਮੁੱਦੇ ਵਿੱਚ ਸ਼ਾਮਲ ਦੂਜੇ ਵਿਅਕਤੀ ਨਾਲ ਸਾਂਝਾ ਕਰਾਂਗੇ। ਉਹਨਾਂ ਦਾ ਫਾਰਮ ਵੀ ਤੁਹਾਡੇ ਨਾਲ ਸਾਂਝਾ ਕੀਤਾ ਜਾਵੇਗਾ।

ਅਸੀਂ ਇੱਕ ਹੱਲ 'ਤੇ ਸਹਿਮਤ ਹੋਣ ਵਿੱਚ ਤੁਹਾਡੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰਾਂਗੇ।

ਜੇਕਰ ਅਜਿਹਾ ਨਹੀਂ ਹੁੰਦਾ, ਤਾਂ ਤੁਸੀਂ ਸਾਨੂੰ ਤੁਹਾਡੇ ਲਈ ਫ਼ੈਸਲਾ ਕਰਨ ਲਈ ਕਹਿ ਸਕਦੇ ਹੋ। ਇਹ ਅਦਾਲਤ ਵਿੱਚ ਸੁਣਵਾਈ ਹੋਣ ਵਰਗਾ ਹੀ ਹੁੰਦਾ ਹੈ। ਸਾਡਾ ਫ਼ੈਸਲਾ ਕਾਨੂੰਨੀ ਤੌਰ 'ਤੇ ਪਾਬੰਦ ਹੁੰਦਾ ਹੈ।

## ਤੁਹਾਡੀ ਭਾਸ਼ਾ ਵਿੱਚ ਸਹਾਇਤਾ

ਤੁਸੀਂ ਸਾਨੂੰ ਫ਼ੋਨ ਕਰਨ ਲਈ Translating and Interpreting Service (TIS) ਦੀ ਵਰਤੋਂ ਕਰ ਸਕਦੇ ਹੋ।

Interpreter

**131 450**

'ਤੇ ਫ਼ੋਨ ਕਰੋ। ਇਹ ਇੱਕ ਮੁਫ਼ਤ ਸੇਵਾ ਹੈ।

ਆਪਰੇਟਰ ਨੂੰ ਦੱਸੋ:

- ਤੁਹਾਡੀ ਭਾਸ਼ਾ — ਤਾਂ ਜੋ ਉਹ ਤੁਹਾਨੂੰ ਦੁਭਾਸ਼ੀਏ ਨਾਲ ਜੋੜ ਸਕਣ
- ਸਾਡਾ ਨਾਮ — Fair Work Commission (ਫੇਅਰ ਵਰਕ ਕਮਿਸ਼ਨ)
- ਸਾਡਾ ਫ਼ੋਨ ਨੰਬਰ — 1300 799 675

ਜੇਕਰ ਤੁਹਾਨੂੰ ਕਿਸੇ ਮੀਟਿੰਗ ਜਾਂ ਸੁਣਵਾਈ ਵਿੱਚ ਹਿੱਸਾ ਲੈਣ ਦੀ ਲੋੜ ਹੈ ਤਾਂ ਅਸੀਂ ਦੁਭਾਸ਼ੀਏ ਦਾ ਪ੍ਰਬੰਧ ਵੀ ਕਰ ਸਕਦੇ ਹਾਂ।

# ਮੁਫ਼ਤ ਕਾਨੂੰਨੀ ਸਲਾਹ

ਜੇਕਰ ਤੁਹਾਨੂੰ ਇਹ ਫ਼ੈਸਲਾ ਲੈਣ ਵਿੱਚ ਮੱਦਦ ਦੀ ਲੋੜ ਹੈ ਕਿ ਕੀ ਕਰਨਾ ਹੈ, ਤਾਂ ਸਾਡੇ ਕੋਲ ਕਰਮਚਾਰੀਆਂ ਅਤੇ ਛੋਟੇ ਕਾਰੋਬਾਰਾਂ ਲਈ ਇੱਕ ਮੁਫ਼ਤ ਕਾਨੂੰਨੀ ਸੇਵਾ ਉਪਲਬਧ ਹੈ। ਸਾਡੀ ਵੈੱਬਸਾਈਟ 'ਤੇ 'Workplace Advice Service' ਦੇਖੋ।

ਇਹ ਸੇਵਾ ਕੰਮ 'ਤੇ ਅਨੁਚਿਤ ਬਰਖਾਸਤਗੀ, ਭੇਦਭਾਵ, ਧੱਕੇਸ਼ਾਹੀ ਅਤੇ ਜਿਨਸੀ ਛੇੜ-ਛਾੜ ਵਿੱਚ ਮੱਦਦ ਕਰ ਸਕਦੀ ਹੈ।